# ਕੈਨੇਡਾ ਸਰਕਾਰ ਨੇ 2023 ਫੱਲ ਇਕਨਾਮਿਕ ਸਟੇਟਮੈਂਟ ਜਾਰੀ ਕੀਤੀ ਹੈ

## ਇੱਕ ਮਜ਼ਬੂਤ ਅਰਥਵਿਵਸਥਾ ਬਣਾਉਣ ਲਈ ਸਰਕਾਰ ਦੀ ਆਰਥਿਕ ਯੋਜਨਾ ਨੂੰ ਪ੍ਰਦਾਨ ਕੀਤਾ ਜਾਂਦਾ ਹੈ ਜੋ ਹਰੇਕ ਲਈ ਕੰਮ ਕਰਦੀ ਹੈ

21 ਨਵੰਬਰ, 2023 ਔਟਵਾ, ਓਨਟਾਰੀਓ ਡਿਪਾਰਟਮੈਂਟ ਆਫ ਫਾਈਨੈਂਸ ਕੈਨੇਡਾ

ਅੱਜ, ਮਾਣਯੋਗ ਕ੍ਰਿਸਟੀਆ ਫ੍ਰੀਲੈਂਡ, ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ, ਨੇ 2023 ਦੀ *ਫੱਲ ਇਕਨਾਮਿਕ ਸਟੇਟਮੈਂਟ* ਨੂੰ ਪੇਸ਼ ਕੀਤਾ, ਮਿਡਲ ਕਲਾਸ ਵਰਗ ਨੂੰ ਸਪੋਰਟ ਦੇਣ ਅਤੇ ਹੋਰ ਘਰ ਬਣਾਉਣ ਲਈ, ਹੋਰ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ।

ਸਰਕਾਰ ਦੀ ਆਰਥਿਕ ਯੋਜਨਾ ਇੱਕ ਮਜ਼ਬੂਤ ਅਰਥਵਿਵਸਥਾ ਦਾ ਨਿਰਮਾਣ ਕਰ ਰਹੀ ਹੈ ਜੋ ਸਾਰਿਆਂ ਲਈ ਕੰਮ ਕਰਦੀ ਹੈ, ਵਧੀਆ ਨੌਕਰੀਆਂ ਦੇ ਨਾਲ, ਜਿਸ 'ਤੇ ਕਨੇਡੀਅਨ ਭਰੋਸਾ ਕਰ ਸਕਦੇ ਹਨ ਅਤੇ ਇਹ ਯੋਜਨਾ ਕੰਮ ਕਰ ਰਹੀ ਹੈ।

ਮਹਾਂਮਾਰੀ ਤੋਂ ਪਹਿਲਾਂ ਦੇ ਮੁਕਾਬਲੇ ਅੱਜ ਇੱਕ ਮਿਲੀਅਨ ਤੋਂ ਵੱਧ ਕਨੇਡੀਅਨਾਂ ਕੋਲ ਰੁਜ਼ਗਾਰ ਹੈ। ਮਹਿੰਗਾਈ ਘਟ ਰਹੀ ਹੈ, ਵੇਤਨ ਵਿੱਚ ਵਾਧਾ ਮਹਿੰਗਾਈ ਨੂੰ ਪਛਾੜ ਰਿਹਾ ਹੈ, ਅਤੇ ਪ੍ਰਾਈਵੇਟ ਸੈਕਟਰ ਦੇ ਅਰਥਸ਼ਾਸਤਰੀ ਹੁਣ ਕੈਨੇਡਾ ਦੇ ਮੰਦੀ ਤੋਂ ਬਚਣ ਦੀ ਉਮੀਦ ਕਰਦੇ ਹਨ ਜਿਸਦੀ ਕਈਆਂ ਨੇ ਭਵਿੱਖਬਾਣੀ ਕੀਤੀ ਸੀ।

ਵਿਆਜ ਦਰਾਂ ਵਿੱਚ ਤੇਜ਼ੀ ਨਾਲ ਵਿਸ਼ਵਵਿਆਪੀ ਵਾਧੇ ਦੇ ਮੱਦੇਨਜ਼ਰ, ਬਹੁਤ ਸਾਰੇ ਕਨੇਡੀਅਨ ਦਬਾਅ ਮਹਿਸੂਸ ਕਰ ਰਹੇ ਹਨ, ਖਾਸ ਤੌਰ 'ਤੇ ਜਦੋਂ ਕਿਰਾਏ ਜਾਂ ਮਾਲਕੀ ਲਈ ਘਰ ਦੀ ਗੱਲ ਆਉਂਦੀ ਹੈ। ਜਵਾਬ ਵਿੱਚ, 2023 *ਫੱਲ ਇਕਨਾਮਿਕ ਸਟੇਟਮੈਂਟ* ਅੱਜ ਦੀਆਂ ਦੋ ਮੁੱਖ ਚੁਣੌਤੀਆਂ 'ਤੇ ਕੇਂਦ੍ਰਿਤ ਹੈ।

ਪਹਿਲਾਂ, ਸਰਕਾਰ ਅਜਿਹੇ ਸਮੇਂ ਵਿੱਚ ਕਨੇਡੀਅਨਾਂ ਦੀ ਸਹਾਇਤਾ ਕਰਨਾ ਜਾਰੀ ਰੱਖ ਰਹੀ ਹੈ ਜਦੋਂ ਕੁਝ ਕੀਮਤਾਂ ਅਜੇ ਵੀ ਬਹੁਤ ਜ਼ਿਆਦਾ ਹਨ ਅਤੇ ਮੋਰਗੇਜ ਰਿਨੀਉ ਹੋਣ ਵਾਲੀ ਹੈ। ਕੀਮਤਾਂ ਨੂੰ ਸਥਿਰ ਕਰਨ, ਜੀਵਨ ਨੂੰ ਹੋਰ ਕਿਫਾਇਤੀ ਬਣਾਉਣ, ਅਤੇ ਮੋਰਗੇਜ ਵਾਲੇ ਕਨੇਡੀਅਨਾਂ ਦੀ ਰੱਖਿਆ ਕਰਨ ਲਈ ਨਵੇਂ, ਨਿਸ਼ਾਨੇ ਵਾਲੇ ਉਪਾਵਾਂ ਦੇ ਨਾਲ, ਸਰਕਾਰ ਕਨੇਡੀਅਨਾਂ ਦੀ ਸਹਾਇਤਾ ਲਈ ਠੋਸ ਕਾਰਵਾਈ ਕਰ ਰਹੀ ਹੈ। ਇਸ ਵਿੱਚ ਇਹ ਯਕੀਨੀ ਬਣਾਉਣਾ ਸ਼ਾਮਲ ਹੈ ਕਿ ਕਨੇਡੀਅਨਾਂ ਨੂੰ ਉੱਚ ਵਿਆਜ ਦਰਾਂ ਦੇ ਸਮੇਂ ਵਿੱਚ ਲੋੜੀਂਦੀ ਅਨੁਕੂਲਿਤ ਮੌਰਗੇਜ ਰਾਹਤ ਮਿਲੇ। ਅਜਿਹਾ ਕਰਨ ਲਈ, *2023 ਫੱਲ ਇਕਨਾਮਿਕ ਸਟੇਟਮੈਂਟ* ਨਵੇਂ ਕਨੇਡੀਅਨ ਮੋਰਟਗੇਜ ਚਾਰਟਰ ਦੀ ਘੋਸ਼ਣਾ ਕਰਦੀ ਹੈ, ਜਿਸ ਵਿੱਚ ਉਸ ਰਾਹਤ ਦਾ ਵੇਰਵਾ ਦਿੱਤਾ ਗਿਆ ਹੈ ਜਿਸਦੀ ਕਨੇਡੀਅਨ ਆਪਣੇ ਬੈਂਕਾਂ ਤੋਂ ਉਮੀਦ ਕਰ ਸਕਦੇ ਹਨ ਜੇਕਰ ਉਹ ਵਿੱਤੀ ਮੁਸ਼ਕਲ ਵਿੱਚ ਹਨ।

ਦੂਸਰਾ, ਸਰਕਾਰ ਵਧੇਰੇ ਘਰ ਬਣਾਉਣ ਲਈ, ਅਤੇ ਮਕਾਨਾਂ ਨੂੰ ਹੋਰ ਕਿਫਾਇਤੀ ਬਣਾਉਣ ਲਈ ਆਪਣੇ ਕੰਮ ਵਿੱਚ ਤੇਜ਼ੀ ਲਿਆ ਰਹੀ ਹੈ। ਸਰਕਾਰ ਦੁਆਰਾ ਪਹਿਲਾਂ ਹੀ ਕੀਤੀ ਗਈ ਮਹੱਤਵਪੂਰਨ ਕਾਰਵਾਈ ਦੇ ਆਧਾਰ 'ਤੇ, *2023 ਫਾਲ ਇਕਨਾਮਿਕ ਸਟੇਟਮੈਂਟ* ਹੋਰ ਘਰ ਬਣਾਉਣ ਲਈ ਅਰਬਾਂ ਡਾਲਰਾਂ ਦੀ ਨਵੀਂ ਵਿੱਤੀ ਸਹਾਇਤਾ ਪੇਸ਼ ਕਰਦੀ ਹੈ, ਤੇਜ਼ੀ ਨਾਲ, ਥੋੜ੍ਹੇ ਸਮੇਂ ਦੇ ਕਿਰਾਏ 'ਤੇ ਰੋਕ ਲਗਾਉਣ ਲਈ ਕਦਮ ਚੁੱਕਦੀ ਹੈ ਤਾਂ ਜੋ ਕਨੇਡੀਅਨਾਂ ਦੇ ਰਹਿਣ ਲਈ ਘਰਾਂ ਦੀ ਵਰਤੋਂ ਕੀਤੀ ਜਾ ਸਕੇ। ਅਤੇ ਦੇਸ਼ ਭਰ ਵਿੱਚ ਕਨਸਟਰਕਸ਼ੰਨ ਵਰਕਰਾਂ ਦੀ ਗਿਣਤੀ ਵਧਾਉਣ ਵਿੱਚ ਮਦਦ

ਕਰੇਗੀ। ਅੱਜ ਵੀ ਫੈਡਰਲ ਸਰਕਾਰ ਦਾ ਕੰਮ ਜਾਰੀ ਹੈ ਜੋ ਕੈਨੇਡਾ ਭਰ ਵਿੱਚ ਰਿਹਾਇਸ਼ਾਂ ਨੂੰ ਹੋਰ ਕਿਫਾਇਤੀ ਬਣਾਉਣ ਲਈ ਰਾਸ਼ਟਰੀ ਯਤਨਾਂ ਦੀ ਅਗਵਾਈ ਕਰ ਰਿਹਾ ਹੈ।

ਸਰਕਾਰ ਦੀ ਆਰਥਿਕ ਯੋਜਨਾ ਜ਼ਿੰਮੇਵਾਰ ਹੈ, ਅਤੇ ਇਹ ਦੇਖਦੀ ਹੈ ਕਿ ਕੈਨੇਡਾ G7 ਵਿੱਚ ਸਭ ਤੋਂ ਘੱਟ ਘਾਟਾ- ਅਤੇ ਨੇਟ ਕਰਜ਼ਾ-ਤੋਂ- GDP ਅਨੁਪਾਤ ਦੋਵਾਂ ਨੂੰ ਬਰਕਰਾਰ ਰੱਖਦੀ ਹੈ। *ਸਰਕਾਰ 2023 ਦੀ ਫਾਲ ਇਕਨਾਮਿਕ ਸਟੇਟਮੈਂਟ* ਵਿੱਚ ਅੱਗੇ ਕਾਰਵਾਈ ਕਰ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੈਨੇਡਾ ਦੇ ਵਿੱਤ ਟਿਕਾਊ ਬਣੇ ਰਹਿਣ—ਅਤੇ ਇਹ ਕਿ ਅਸੀਂ ਕਨੇਡੀਅਨਾਂ ਵਿੱਚ ਜ਼ਿੰਮੇਵਾਰੀ ਨਾਲ ਨਿਵੇਸ਼ ਕਰਨਾ ਜਾਰੀ ਰੱਖ ਸਕਦੇ ਹਾਂ, ਮਿਡਲ ਕਲਾਸ ਨੂੰ ਮਜ਼ਬੂਤ ਕਰ ਸਕਦੇ ਹਾਂ, ਅਤੇ ਇੱਕ ਮਜ਼ਬੂਤ ਅਰਥਵਿਵਸਥਾ ਦਾ ਨਿਰਮਾਣ ਕਰ ਸਕਦੇ ਹਾਂ ਜੋ ਹਰ ਕਿਸੇ ਲਈ ਕੰਮ ਕਰੇ।

ਕੈਨੇਡਾ ਦੇ ਆਰਥਿਕ ਭਵਿੱਖ ਵਿੱਚ ਨਿਵੇਸ਼ ਕਰਨ ਅਤੇ ਹੋਰ ਵਧੀਆ ਤਨਖਾਹ ਵਾਲੀਆਂ ਨੌਕਰੀਆਂ ਪੈਦਾ ਕਰਨ ਲਈ ਸਰਕਾਰ ਦੇ ਕੰਮ ਦੇ ਇੱਕ ਬੁਨਿਆਦੀ ਹਿੱਸੇ ਵਜੋਂ, ਸਰਕਾਰ ਆਪਣੇ ਨਵੇਂ ਪ੍ਰਮੁੱਖ ਨਿਵੇਸ਼ ਟੈਕਸ ਕ੍ਰੈਡਿਟ ਵੀ ਪਹਿਲ ਦੇ ਆਧਾਰ 'ਤੇ ਪ੍ਰਦਾਨ ਕਰ ਰਹੀ ਹੈ, ਜਿਸ ਨਾਲ ਵਿਧਾਨਕ ਅਮਲ ਨੂੰ ਆਉਣ ਵਾਲੇ ਦਿਨਾਂ ਵਿੱਚ 2024 ਤੱਕ ਅੱਗੇ ਵਧਾਇਆ ਜਾ ਰਿਹਾ ਹੈ।

ਹਵਾਲਾ

"ਸਾਡੀ ਆਰਥਿਕ ਯੋਜਨਾ ਇੱਕ ਮਜ਼ਬੂਤ ਆਰਥਿਕਤਾ ਬਣਾਉਣ ਬਾਰੇ ਹੈ ਜੋ ਹਰ ਕਿਸੇ ਲਈ ਕੰਮ ਕਰਦੀ ਹੈ, ਅਤੇ ਇਹ *ਫਾਲ ਇਕਨਾਮਿਕ ਸਟੇਟਮੈਂਟ* ਸਾਡੀ ਯੋਜਨਾ ਦਾ ਅਗਲਾ ਪੜਾਅ ਹੈ। ਮਿਡਲ ਕਲਾਸ ਨੂੰ ਸਮਰਥਨ ਦੇਣ ਅਤੇ ਹੋਰ ਘਰ ਬਣਾਉਣ 'ਤੇ ਧਿਆਨ ਕੇਂਦ੍ਰਿਤ ਕਰਨ ਦੇ ਨਾਲ, ਅਸੀਂ ਉਨ੍ਹਾਂ ਤਰਜੀਹਾਂ 'ਤੇ ਕਾਰਵਾਈ ਤੇਜੀ ਨਾਲ ਕਰ ਰਹੇ ਹਾਂ ਜੋ ਅੱਜ ਕਨੇਡੀਅਨਾਂ ਲਈ ਸਭ ਤੋਂ ਮਹੱਤਵਪੂਰਨ ਹਨ-ਅਤੇ ਅਸੀਂ ਇਹ ਕਨੇਡੀਅਨਾਂ ਨੂੰ ਤੱਟ ਤੋਂ ਤੱਟ ਤੋਂ ਤੱਟ ਤੱਕ ਪਹੁੰਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰਦੇ ਰਹਾਂਗੇ।"

- *ਮਾਨਯੋਗ ਕ੍ਰਿਸਟੀਆ ਫ੍ਰੀਲੈਂਡ, ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ*

## ਤਤਕਾਲ ਤੱਥ

ਕੈਨੇਡਾ ਦੀ ਆਰਥਿਕ ਯੋਜਨਾ ਕੰਮ ਕਰ ਰਹੀ ਹੈ:

• ਕੈਨੇਡਾ ਦੀ ਬੇਰੋਜ਼ਗਾਰੀ ਦਰ, ਪਿਛਲੇ 21 ਮਹੀਨਿਆਂ ਤੋਂ, ਪਿਛਲੀ ਸਰਕਾਰ ਦੇ ਅਧੀਨ ਕਿਸੇ ਵੀ ਸਮੇਂ ਨਾਲੋਂ ਘੱਟ ਹੈ। ਮਹਾਂਮਾਰੀ ਤੋਂ ਪਹਿਲਾਂ ਦੇ ਮੁਕਾਬਲੇ ਅੱਜ ਇੱਕ ਮਿਲੀਅਨ ਤੋਂ ਵੱਧ ਕੈਨੇਡੀਅਨਾਂ ਕੋਲ ਰੁਜ਼ਗਾਰ ਹੈ।
• ਪਿਛਲੇ ਨੌਂ ਮਹੀਨਿਆਂ ਤੋਂ ਤਨਖਾਹਾਂ ਨੇ ਮਹਿੰਗਾਈ ਨੂੰ ਪਛਾੜ ਦਿੱਤਾ ਹੈ।
• ਇੰਟਰਨੇਸ਼ਨਲ ਮੋਨੇਟਰੀ ਫੰਡ ਅਗਲੇ ਸਾਲ G7 ਵਿੱਚ ਸਭ ਤੋਂ ਮਜ਼ਬੂਤ ਆਰਥਿਕ ਵਿਕਾਸ ਦੇਖਣ ਲਈ ਕੈਨੇਡਾ ਨੂੰ ਪ੍ਰੋਜੈਕਟ ਕਰਦਾ ਹੈ।
• **OECD ਦੇ ਅਨੁਸਾਰ**, ਇਸ ਸਾਲ ਦੀ ਪਹਿਲੀ ਛਿਮਾਹੀ ਵਿੱਚ, ਕੈਨੇਡਾ ਨੂੰ ਦੁਨੀਆ ਦੇ ਕਿਸੇ ਵੀ ਦੇਸ਼ ਵਿੱਚੋਂ ਤੀਜਾ-ਸਭ ਤੋਂ ਵੱਧ ਵਿਦੇਸ਼ੀ ਨਿਵੇਸ਼ ਪ੍ਰਾਪਤ ਹੋਇਆ—ਅਤੇ G7 ਵਿੱਚ ਸਭ ਤੋਂ ਵੱਧ ਪ੍ਰਤੀ ਵਿਅਕਤੀ।

### ਸੰਬੰਧਿਤ ਲਿੰਕਸ

- 2023 ਫਾਲ ਇਕਨਾਮਿਕ ਸਟੇਟਮੈਂਟ
- 2023 ਫਾਲ ਇਕਨਾਮਿਕ ਸਟੇਟਮੈਂਟ: ਕੀਅ ਮੇਯਰਜ਼
- ਬੈਕਗ੍ਰਾਊਂਡਰ: ਕੈਨੇਡਾ'ਸ ਹਾਊਸਿੰਗ ਐਕਸ਼ਨ ਪਲਾਨ
- ਬੈਕਗ੍ਰਾਊਂਡਰ: ਸਪੋਰਟਿੰਗ ਏ ਸਟਰੌਂਗ ਮਿਡਲ ਕਲਾਸ
- ਬੈਕਗਰਾਊਂਡਰ: ਇਨਵੇਸਟਿੰਗ ਇਨ ਵਰਕਰਸ ਐਂਡ ਕੈਨੇਡਾ'ਸ ਗਰੋਇੰਗ ਇਕਾਨਮੀ

## ਸੰਪਰਕ

## ਮੀਡੀਆ ਸੰਪਰਕ ਕਰ ਸਕਦਾ ਹੈ:


ਕੈਥਰੀਨ ਕਪਲਿੰਸਕਾਸ
ਪ੍ਰੈਸ ਸਕੱਤਰ ਅਤੇ ਸੀਨੀਅਰ ਸੰਚਾਰ ਸਲਾਹਕਾਰ
ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਦਾ ਦਫ਼ਤਰ
Katherine.Cuplinskas@fin.gc.ca

ਮੀਡੀਆ ਰਿਲੇਸ਼ਨਜ਼
ਕੈਨੇਡਾ ਦਾ ਵਿੱਤ ਵਿਭਾਗ
mediare@fin.gc.ca
613-369-4000


**ਆਮ ਪੁੱਛਗਿੱਛ**


ਫੋਨ: 1-833-712-2292
TTY: 613-369-3230
E-mail: financepublic-financepublique@fin.gc.ca